# ਤੁਹਾਨੂੰ ਚੰਗੀ ਤਰ੍ਹਾਂ ਜਾਣਨ ਲਈ ਸਾਡੀ ਮਦਦ ਕਰੋ

HSBC
The world's local bank

# ਆਪਣੇ ਗਾਹਕ ਨੂੰ ਜਾਣੋ
# ਅਤੇ
# ਕਾਲੇ ਧਨ ਨੂੰ ਸਫ਼ੈਦ ਕਰਨ ਤੋਂ ਰੋਕਣਾ

## ਗਾਹਕ ਜੇਤਨਾ

### ਕਾਲੇ ਧਨ ਨੂੰ ਸਫ਼ੈਦ ਕਰਨਾ ਅਤੇ ਅੱਤਵਾਦੀਆਂ ਦੀ ਆਰਥਿਕ ਮਦਦ ਕੀ ਹਨ?

ਮਨੀ ਲਾਂਡਰਿੰਗ ਵਿਚ ਆਰਥਿਕ ਸੰਪਤੀਆਂ ਛੁਪਾਈਆਂ ਜਾਂਦੀਆਂ ਹਨ, ਤਾਂ ਜੋ ਇਨ੍ਹਾਂ ਦੀ ਵਰਤੋਂ ਉਨ੍ਹਾਂ ਗੈਰ-ਕਾਨੂੰਨੀ ਕੰਮਾਂ ਦੀ ਸੂਹ ਲੱਗੇ ਬਿਨਾਂ ਹੀ ਕੀਤੀ ਜਾ ਸਕੇ, ਜਿਨ੍ਹਾਂ ਦੁਆਰਾ ਇਹ ਪੈਦਾ ਕੀਤੀਆਂ ਗਈਆਂ ਹਨ। ਮਨੀ ਲਾਂਡਰਿੰਗ ਰਾਹੀਂ, ਅਜਿਹਾ ਵਿਅਕਤੀ ਗੈਰ-ਕਾਨੂੰਨੀ ਕੰਮਾਂ ਤੋਂ ਹਾਸਲ ਕੀਤੀ ਆਰਥਿਕ ਕਮਾਈ ਨੂੰ ਪ੍ਰਤੱਖ ਰੂਪ ਵਿਚ ਕਾਨੂੰਨੀ ਸਾਧਨਾਂ ਵਾਲੇ ਫ਼ੰਡਾਂ ਵਿਚ ਬਦਲਦਾ ਹੈ।

ਅੱਤਵਾਦ ਜਾਂ ਅੱਤਵਾਦ ਨੂੰ ਹੱਲਾਸ਼ੇਰੀ ਦੇਣ ਵਾਲੇ, ਇਸ ਦੀ ਯੋਜਨਾ ਬਣਾਉਣ ਵਾਲੇ ਜਾਂ ਇਸ ਵਿਚ ਲੱਗੇ ਹੋਏ ਲੋਕਾਂ ਦੀ ਕਿਸੇ ਵੀ ਰੂਪ ਵਿਚ ਆਰਥਿਕ ਸਹਾਇਤਾ ਅੱਤਵਾਦ ਦੀ ਆਰਥਿਕ ਮਦਦ ਕਰਨਾ ਹੈ। ਅੱਤਵਾਦ ਦੇ ਸ੍ਰੋਤ ਜਾਇਜ਼ ਹੋ ਸਕਦੇ ਹਨ ਜਾਂ ਨਹੀਂ ਵੀ। ਇਹ ਦੋਵੇਂ ਸਰਗਰਮੀਆਂ ਆਪਸ ਵਿਚ ਜੁੜੀਆਂ ਹੋਈਆਂ ਹਨ, ਕਿਉਂਕਿ ਕਾਲੇ ਧਨ ਨੂੰ ਸਫ਼ੈਦ ਕਰਨ ਦੇ ਤਰੀਕੇ ਮੂਲ ਰੂਪ ਵਿਚ ਉਹੀ ਹਨ, ਜੋ ਅੱਤਵਾਦੀਆਂ ਦੀ ਆਰਥਿਕ ਮਦਦ ਦੇ ਸ੍ਰੋਤਾਂ ਅਤੇ ਇਸਤੇਮਾਲਾਂ ਨੂੰ ਛੁਪਾਉਣ ਲਈ ਵਰਤੇ ਜਾਂਦੇ ਹਨ।

### ਮਨੀ ਲਾਂਡਰਿੰਗ ਜੁਰਮ ਕੀ ਹੈ ?

ਪ੍ਰਿਵੈਨਸ਼ਨ ਆਫ਼ ਮਨੀ ਲਾਂਡਰਿੰਗ ਐਕਟ, 2002 (ਪੀਐੱਮਐੱਲਏ) ਦੇ ਅਧੀਨ, ਜੋ ਵੀ ਵਿਅਕਤੀ ਪ੍ਰਤੱਖ ਜਾਂ ਅਪ੍ਰਤੱਖ ਰੂਪ ਵਿਚ ਜੁਰਮ ਦੀ ਕਮਾਈ ਭੋਗਣ ਦੀ ਕੋਸ਼ਸ਼ ਕਰਦਾ ਹੈ ਜਾਂ ਇਸ ਨਾਲ ਜੁੜੇ ਕਿਸੇ ਅਮਲ ਜਾਂ ਕਾਰਵਾਈ ਵਿਚ ਜਾਣ-ਬੁੱਝ ਕੇ ਮਦਦ ਕਰਦਾ ਹੈ ਜਾਂ ਪਤਾ ਹੁੰਦੇ ਹੋਏ ਇਸ ਵਿਚ ਸ਼ਰੀਕ ਹੁੰਦਾ ਹੈ ਜਾਂ ਅਸਲ ਵਿਚ ਇਸ ਵਿਚ ਸ਼ਾਮਲ ਹੈ ਅਤੇ ਇਸ ਨੂੰ ਬੇਦਾਗ਼ ਜਾਇਦਾਦ ਦੇ ਰੂਪ ਵਿਚ ਵਿਖਾਉਂਦਾ ਹੈ, ਉਹ ਮਨੀ ਲਾਂਡਰਿੰਗ ਦੇ ਜੁਰਮ ਦਾ ਦੋਸ਼ੀ ਹੋਵੇਗਾ।

### ਕੇਵਾਈਸੀ ਕੀ ਹੈ ?

ਕੇਵਾਈਸੀ ਅੰਗਰੇਜ਼ੀ ਦੇ ''ਨੋ ਯੂਅਰ ਕਲਾਇੰਟ/ਕਸਟਮਰ (ਆਪਣੇ ਗਾਹਕ ਨੂੰ ਜਾਣੋ) ਦੇ ਪਹਿਲੇ ਅੱਖਰਾਂ ਦਾ ਜੋੜ ਹੈ। ਗਾਹਕ ਦੀ ਪਛਾਣ ਦੀ ਕਾਰਵਾਈ ਲਈ ਇਹ ਇਕ ਆਮ ਵਰਤਿਆ ਜਾਂਦਾ ਸ਼ਬਦ ਹੈ। ਕੇਵਾਈਸੀ ਬੈਂਕ ਨੂੰ ਆਪਣੇ ਗਾਹਕਾਂ ਅਤੇ ਉਨ੍ਹਾਂ ਦੇ ਆਰਥਿਕ ਲੈਣ-ਦੇਣ ਬਾਰੇ ਜਾਣਨ/ਸਮਝਣ ਦੇ ਯੋਗ ਬਣਾਉਂਦਾ ਹੈ, ਤਾਂ ਜੋ ਉਹ ਇਸ ਦੇ ਜੋਖਮਾਂ ਨਾਲ ਨਿਪਟ ਸਕਣ ਅਤੇ ਗਾਹਕਾਂ ਦੀ ਬਿਹਤਰ ਸੇਵਾ ਕਰ ਸਕਣ।

### ਕੀ ਕੇਵਾਈਸੀ ਲਾਜ਼ਮੀ ਹੈ ?

ਜੀ ਹਾਂ। ਇਹ ਰੈਗੂਲੇਟਰੀ ਦੇ ਨਾਲ ਨਾਲ ਕਾਨੂੰਨੀ ਲੋੜ ਵੀ ਹੈ। ਨੋ ਯੂਅਰ ਕਸਟਮਰ (ਕੇਵਾਈਸੀ) ਮਾਪਦੰਡਾਂ – ਐਂਟੀ ਮਨੀ ਲਾਂਡਰਿੰਗ (ਏਐੱਮਐੱਲ) ਉਪਾਵਾਂ ਬਾਰੇ 29 ਨਵੰਬਰ, 2004 ਨੂੰ ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਦੁਆਰਾ ਜਾਰੀ ਸੇਧਾਂ ਅਨੁਸਾਰ ਕੇਵਾਈਸੀ ਮਾਪਦੰਡਾਂ ਅਤੇ ਏਐੱਮਐੱਲ ਉਪਾਵਾਂ ਬਾਰੇ ਬੈਂਕਾਂ ਨੂੰ ਇਕ ਵਿਆਪਕ ਨੀਤੀ ਲਾਗੂ ਕਰਨੀ ਪੈਂਦੀ ਹੈ। ਪੀਐੱਮਐੱਲਏ, ਜੋ 1 ਜੁਲਾਈ, 2005 ਤੋਂ ਲਾਗੂ ਹੋਇਆ, ਅਨੁਸਾਰ ਬੈਂਕ, ਵਿੱਤੀ ਸੰਸਥਾਵਾਂ ਅਤੇ ਵਿਚੋਲੀਆ ਸੰਸਥਾਵਾਂ ਲਈ ਜ਼ਰੂਰੀ ਹੈ ਕਿ ਉਹ ਇਸ ਕਾਨੂੰਨ ਅਤੇ ਇਸ ਦੇ ਅਧੀਨ ਬਣਾਏ ''ਨਿਯਮਾਂ'' ਵਿਚ ਨਿਰਧਾਰਿਤ ਕੇਵਾਈਸੀ ਅਤੇ ਏਐੱਮਐੱਲ ਦੇ ਕੁਝ ਘੱਟੋ-ਘੱਟ ਮਾਪਦੰਡਾਂ ਉੱਤੇ ਅਮਲ ਕਰਨ।

## ਬੈਂਕ ਗਾਹਕਾਂ ਦੀ ਪਛਾਣ ਦੀ ਤਸਦੀਕ ਕਦੋਂ ਕਰੇਗਾ ?

ਪੀਐੱਮਐੱਲਏ ਅਨੁਸਾਰ ਬੈਂਕ ਨੂੰ ਗਾਹਕ ਦੀ ਪਛਾਣ ਦੇ ਰਿਕਾਰਡ ਅਤੇ ਪੱਕੇ ਪਤੇ ਜਾਂ ਪਤਿਆਂ ਸਮੇਤ ਗਾਹਕ ਦੇ ਮੌਜੂਦਾ ਪਤੇ ਜਾਂ ਪਤਿਆਂ ਦੀ, ਗਾਹਕ ਦੇ ਕਾਰੋਬਾਰ ਦੀ ਕਿਸਮ ਦੀ ਅਤੇ ਉਸ ਦੀ ਆਰਥਿਕ ਸਥਿਤੀ ਦੀ ਤਸਦੀਕ ਖਾਤਾ ਖੋਲ੍ਹਣ ਵੇਲੇ ਜਾਂ ਉਸ ਨਾਲ ਕੋਈ ਲੈਣ-ਦੇਣ ਕਰਨ ਵੇਲੇ ਕਰਨੀ ਪਵੇਗੀ।

## ਮੈਨੂੰ ਆਪਣੀ ਪਛਾਣ ਦਾ ਕਿਹੜਾ ਸਬੂਤ ਬੈਂਕ ਨੂੰ ਦੇਣਾ ਪਵੇਗਾ ?

ਪਛਾਣ ਦੇ ਸਭ ਤੋਂ ਵਧੀਆ ਦਸਤਾਵੇਜ਼ ਉਹ ਹਨ, ਜੋ ਕਿਸੇ ਸਰਕਾਰੀ ਮਹਿਕਮੇ ਦੁਆਰਾ ਜਾਰੀ ਕੀਤੇ ਗਏ ਹੋਣ, ਜਿਨ੍ਹਾਂ ਉੱਤੇ ਤੁਹਾਡੀ ਤਸਵੀਰ, ਪਤਾ ਅਤੇ ਦਸਤਖ਼ਤ ਹੋਣ। ਕਿਸੇ ਵਿਅਕਤੀ ਲਈ, ਗਾਹਕ ਦੀ ਪਛਾਣ ਸਥਾਪਿਤ ਕਰਨ ਵਾਸਤੇ ਪਾਸਪੋਰਟ, ਮਤਦਾਤਾ ਪਛਾਣ-ਪੱਤਰ, ਡਰਾਈਵਿੰਗ ਲਸੰਸ, ਸਰਕਾਰੀ ਪਛਾਣ-ਪੱਤਰ, ਫੌਜ ਦਾ ਪਛਾਣ-ਪੱਤਰ, ਫ਼ੋਟੋ ਵਾਲਾ ਪੈਨ ਕਾਰਡ, ਫ਼ੋਟੋ ਵਾਲਾ ਰਾਸ਼ਨ ਕਾਰਡ ਵਰਗੇ ਦਸਤਾਵੇਜ਼ ਕਾਫ਼ੀ ਹੋਣਗੇ।

ਗੈਰ-ਨਿੱਜੀ ਖਾਤਿਆਂ ਲਈ, ਵਿਅਕਤੀਗਤ ਸਹੀਕਾਰ ਦੀ ਪਛਾਣ ਲਈ ਜ਼ਿਕਰ ਕੀਤੇ ਦਸਤਾਵੇਜ਼ਾਂ ਤੋਂ ਇਲਾਵਾ, ਹੇਠਾਂ ਲਿਖੇ ਦਸਤਾਵੇਜ਼ ਵੀ ਜ਼ਰੂਰੀ ਹੋਣਗੇ :

ਇਕ ਵਿਅਕਤੀ ਦੀ ਮਾਲਕੀ ਵਾਲੀਆਂ ਕੰਪਨੀਆਂ, ਹਿੱਸਦਾਰੀ ਕੰਪਨੀਆਂ, ਲਿਮਿਟੇਡ. ਜਾਂ ਪ੍ਰਾਈਵੇਟ ਲਿਮਿਟੇਡ ਕੰਪਨੀਆਂ, ਸੁਸਾਇਟੀਆਂ, ਟ੍ਰਸਟ, ਹਿੰਦੂ ਸਾਂਝੇ ਪਰਿਵਾਰ (ਐੱਚਯੂਐਫ਼) – ਸੇਲਜ਼ / ਸਰਵਿਸ ਟੈਕਸ / ਐਕਸਾਈਜ਼ ਰਜਿਸਟ੍ਰੇਸ਼ਨ, ਸ਼ਾਪ ਐਂਡ ਇਸਟੈਬਲਿਸ਼ਮੈਂਟ ਐਕਟ ਅਧੀਨ ਰਜਿਸਟ੍ਰੇਸ਼ਨ, ਕੰਪਨੀ ਦਾ ਪੈਨ ਪਛਾਣ-ਪੱਤਰ / ਇਨਕਮ ਟੈਕਸ (ਆਈਟੀ) ਰਿਟਰਨ, ਕੰਪਨੀ ਦੇ ਨਾਂ ਤੇ ਪਾਣੀ / ਬਿਜਲੀ / ਮਿਊਂਸੀਪਲ ਟੈਕਸ ਬਿੱਲ, ਹਿੱਸੇਦਾਰੀ ਕੰਪਨੀਆਂ ਲਈ ਹਿੱਸੇਦਾਰੀ ਦਾ ਵਸੀਕਾ (ਪਾਰਟਨਰਸ਼ਿਪ ਡੀਡ)।

ਇਸ ਤੋਂ ਇਲਾਵਾ, ਲਿਮਿਟੇਡ ਅਤੇ ਪ੍ਰਾਈਵੇਟ ਲਿਮਿਟੇਡ ਕੰਪਨੀਆਂ ਲਈ – ਮੈਮੋਰੈਂਡਮ ਐਂਡ ਆਰਟੀਕਲ ਆਫ਼ ਐਸੋਸ਼ੀਏਸ਼ਨ, ਨਿਗਮਨ ਦਾ ਪ੍ਰਮਾਣ-ਪੱਤਰ, ਬੋਰਡ ਦਾ ਮਤਾ, ਰਜਿਸਟਰਾਰ ਆਫ਼ ਕੰਪਨੀਜ਼ ਕੋਲ ਸ਼ੇਅਰਧਾਰਨ ਦਾ ਨਮੂਨਾ ਸਥਾਪਿਤ ਕਰਨ ਲਈ ਦਾਖ਼ਲ ਕੀਤੀ ਸਾਲਾਨਾ ਰਿਟਰਨ ਦੀ ਕਾਪੀ, ਫ਼ਾਰਮ 32 ਦੀ ਪ੍ਰਮਾਣਿਤ ਕਾਪੀ, ਜੋ ਰਜਿਸਟਰਾਰ ਆਫ਼ ਕੰਪਨੀਜ਼ ਸਾਲਾਨਾ ਰਿਟਰਨ ਦੇ ਨਾਲ ਸ਼ੇਅਰਧਾਰਨ ਨਮੂਨੇ ਦੀ ਪਛਾਣ ਲਈ ਸਾਲਾਨਾ ਮਹਾਂ ਸਭਾ (ਏਜੀਐੱਮ) ਮਗਰੋਂ ਦਾਖ਼ਲ ਕੀਤੀ ਜਾਂਦੀ ਹੈ।

ਇਸ ਤੋਂ ਇਲਾਵਾ, ਸੁਸਾਇਟੀਆਂ ਲਈ – ਸੁਸਾਇਟੀ ਦੀ ਕਿਸਮ ਅਨੁਸਾਰ ਰਜਿਸਟਰਾਰ ਆਫ਼ ਕੋ-ਆਪਰੇਟਿਵ ਸੁਸਾਇਟੀਜ਼ ਜਾਂ ਸਬ-ਰਜਿਸਟਰਾਰ ਆਫ਼ ਅਸ਼ੋਰੈਂਸੇਸ ਕੋਲ ਸੁਸਾਇਟੀ ਦੀ ਰਜਿਸਟ੍ਰੇਸ਼ਨ ਦੇ ਪ੍ਰਮਾਣ-ਪੱਤਰ ਦੀ ਪ੍ਰਮਾਣਿਤ ਫ਼ੋਟੋਕਾਪੀ, ਉਪ ਨਿਯਮ/ ਮੈਮੋਰੈਂਡਮ ਆਫ਼ ਐਸੋਸ਼ੀਏਸ਼ਨ / ਕੌਂਸਟੀਚਿਊਸ਼ਨ, ਜੋ ਵੀ ਲਾਗੂ ਹੋਵੇ, ਮੈਮੋਰੈਂਡਮ ਆਫ਼ ਐਸੋਸ਼ੀਏਸ਼ਨ / ਉਪ ਨਿਯਮਾਂ ਵਿਚ ਸੂਚੀਬੱਧ ਪ੍ਰਬੰਧਕ ਕਮੇਟੀ / ਬੋਰਡ / ਅਹੁਦੇਦਾਰਾਂ ਦੁਆਰਾ ਖਾਤਾ ਖੋਲ੍ਹਣ ਅਤੇ ਦਸਤਖ਼ਤ ਕਰਨ ਦੀਆਂ ਹਿਦਾਇਤਾਂ ਲਈ ਪਾਸ ਕੀਤਾ ਮਤਾ, ਪੈਨ ਕਾਰਡ / ਪੈਨ ਅਲਾਟਮੈਂਟ ਪੱਤਰ।

ਟ੍ਰਸਟ ਦੇ ਖਾਤਿਆਂ ਲਈ-ਟ੍ਰਸਟ ਦੇ ਵਸੀਕੇ (ਟ੍ਰਸਟ ਡੀਡ) ਦੀ ਕਾਪੀ, ਚੈਰਿਟੀ ਕਮਿਸ਼ਨਰ ਦੁਆਰਾ ਜਾਰੀ ਰਜਿਸਟ੍ਰੇਸ਼ਨ ਦੇ ਪ੍ਰਮਾਣ-ਪੱਤਰ ਦੀ ਫ਼ੋਟੋਕਾਪੀ, ਟ੍ਰਸਟਾਂ ਦੁਆਰਾ ਦਾਖ਼ਲ ਕੀਤੇ ਆਈਟੀ ਰਿਟਰਨਜ਼ ਅਤੇ ਚੈਰਿਟੀ ਕਮਿਸ਼ਨਰ ਕੋਲ ਦਾਖ਼ਲ ਕੀਤੇ ਰਿਟਰਨਜ਼, ਖਾਤਾ ਖੋਲ੍ਹਣ ਲਈ ਟ੍ਰਸਟੀਆਂ ਦੁਆਰਾ ਪਾਸ ਕੀਤਾ ਮਤਾ।

ਐੱਚਯੂਐੱਫ਼ ਖਾਤਿਆਂ ਲਈ – ਐੱਚਯੂਐੱਫ਼ ਦਾ ਪੈਨ ਪਛਾਣ-ਪੱਤਰ।

*ਕਿਰਪਾ ਕਰਕੇ ਚੇਤੇ ਰੱਖੋ ਕਿ ਉਪਰ ਦਿੱਤੀ ਸੂਚੀ ਜਾਂ ਜਾਣਕਾਰੀ ਪੂਰੀ ਨਹੀਂ ਹੈ, ਸਗੋਂ ਸਿਰਫ਼ ਇਕ ਝਲਕ ਹੈ। ਹੋਰ ਜਾਣਕਾਰੀ ਲਈ ਕਿਰਪਾ ਕਰਕੇ ਬਿਨਾਂ ਝਿਜਕ ਸਾਡੀਆਂ ਸ਼ਾਖਾਵਾਂ ਵਿਚ ਸਾਡੇ ਨਾਲ ਸੰਪਰਕ ਕਰੋ, ਸਾਡੇ ਫ਼ੋਨ ਬੈਂਕਿੰਗ ਨੰਬਰਾਂ ਉੱਤੇ ਸਾਨੂੰ ਫ਼ੋਨ ਕਰੋ ਜਾਂ info@hsbc.co.in ਉੱਤੇ ਸਾਨੂੰ ਲਿਖ ਭੇਜੋ।*

## ਕੇਵਾਈਸੀ ਲਈ ਮੈਂ ਸ਼ਾਖਾ ਵਿਚ ਕਿਸ ਨਾਲ ਸੰਪਰਕ ਕਰਾਂ ?

ਬੈਂਕ ਵਿਚ ਤੁਸੀਂ ਆਪਣੇ ਸੰਪਰਕ ਮੈਨੇਜਰ ਨਾਲ ਜਾਂ ਆਪਣੇ ਖਾਤਾ ਖੋਲ੍ਹਣ ਵਾਲੇ ਅਧਿਕਾਰੀ ਨਾਲ ਅਤੇ ਤੁਹਾਡੇ ਲੈਣ-ਦੇਣਾਂ ਲਈ ਤੁਹਾਡੇ ਨਾਲ ਸੰਪਰਕ ਵਾਲੇ ਵਿਅਕਤੀ ਨਾਲ ਸੰਪਰਕ ਕਰ ਸਕਦੇ ਹੋ।

## ਬੈਂਕ ਕੇਵਾਈਸੀ ਜਾਣਕਾਰੀ ਦਾ ਕੀ ਕਰਦਾ ਹੈ ?

ਖਾਤਾ ਖੋਲ੍ਹਣ ਵੇਲੇ / ਜਾਰੀ ਆਧਾਰ ਉੱਤੇ ਬੈਂਕ ਦੁਆਰਾ ਗਾਹਕ ਬਾਰੇ ਜਮ੍ਹਾ ਕੀਤੀ ਜਾਣਕਾਰੀ ਗੁਪਤ ਰੱਖੀ ਜਾਂਦੀ ਹੈ ਅਤੇ ਲਾਗੂ ਕਾਨੂੰਨਾਂ ਅਤੇ ਕਾਇਦਿਆਂ ਦੀਆਂ ਧਾਰਾਵਾਂ ਅਧੀਨ ਜ਼ਰੂਰੀ ਹੋਣ ਦੇ ਮਾਮਲੇ ਨੂੰ ਛੱਡ ਕੇ, ਕਿਸੇ ਵੀ ਵਿਅਕਤੀ ਕੋਲ ਪ੍ਰਗਟ ਨਹੀਂ ਕੀਤੀ ਜਾਂਦੀ।

## ਜੇ ਮੈਂ ਕੇਵਾਈਸੀ ਲਈ ਲੋੜੀਂਦੀ ਜਾਣਕਾਰੀ / ਦਸਤਾਵੇਜ਼ ਬੈਂਕ ਨੂੰ ਨਾ ਦੇਵਾਂ, ਤਾਂ ਕੀ ਹੋਵੇਗਾ ?

ਕੇਵਾਈਸੀ ਜਾਣਕਾਰੀ / ਦਸਤਾਵੇਜ਼ ਨਾ ਜਮ੍ਹਾ ਕਰਵਾਉਣ ਦਾ ਹਵਾਲਾ ਦੇ ਕੇ ਬੈਂਕ ਖਾਤਾ ਖੋਲ੍ਹਣ ਤੋਂ ਇਨਕਾਰ ਕਰਨ (ਜੇ ਤੁਸੀਂ ਸੰਭਾਵੀ ਗਾਹਕ ਹੋ) ਜਾਂ ਤੁਹਾਡੇ ਨਾਲ ਆਪਣੇ ਸਬੰਧ ਤੋੜ ਦੇਣ (ਜੇ ਤੁਸੀਂ ਮੌਜੂਦਾ ਗਾਹਕ ਹੋ) ਦਾ ਹੱਕਦਾਰ ਹੋਵੇਗਾ। ਪਰ ਕੁਝ ਖ਼ਾਸ ਵਰਗਾਂ ਦੇ ਗਾਹਕਾਂ ਦਾ, ਜੋ ਜ਼ਰੂਰੀ ਦਸਤਾਵੇਜ਼ ਜਮ੍ਹਾ ਨਹੀਂ ਕਰਵਾ ਸਕਦੇ, ਬੈਂਕ ਆਰਬੀਆਈ ਡੀਬੀਓਡੀ ਦੇ ਸਰਕੂਲਰ ਨੰਬਰ ਏਐੱਮਐੱਲ. ਬੀਸੀ. 28/14.01.001/2005-06 ਮਿਤੀ 23 ਅਗਸਤ, 2005 ਰਾਹੀਂ ਦਿੱਤੀ ਸਹੂਲਤ ਅਨੁਸਾਰ ਖਾਤਾ ਖੋਲ੍ਹੇਗਾ।

HSBC
The world's local bank

*Issued by The Hongkong and Shanghai Banking Corporation Limited, India. Incorporated in Hongkong SAR with limited liability*